BRAMPTON Flower City
brampton.ca

media release

19 ਜਨਵਰੀ, 2018

# ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ਼ ਫਾਇਰਫਾਈਟਰ ਬਣਨ ਦੇ ਇੱਛੁਕ ਵਿਅਕਤੀਆਂ ਨੂੰ ਵਿੱਤੀ ਸਹਾਇਤਾ ਪੇਸ਼ ਕਰਦਾ ਹੈ

ਬ੍ਰੈਂਪਟਨ, ਓਨਟੈਰੀਓ – ਜੋਰਜ ਹਿਚਕੋਕ ਬਰਸਰੀ (George Hitchcock Bursary) ਲਈ ਅਰਜ਼ੀ ਪ੍ਰਕਿਰਿਆ ਦੀ ਮਿਆਦ ਹੁਣ ਸ਼ੁਰੂ ਹੋ ਗਈ ਹੈ। ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ਼ (Brampton Fire and Emergency Services), ਹਰ ਸਾਲ ਜੋਰਜ ਹਿਚਕੋਕ ਬਰਸਰੀ ਰਾਹੀਂ ਫਾਇਰ ਸੇਵਾਵਾਂ ਵਿੱਚ ਕੈਰੀਅਰ ਬਣਾ ਰਹੇ ਇੱਕ ਸਥਾਨਕ ਵਿਅਕਤੀ ਦੀ ਸਹਾਇਤਾ ਕਰਦੀ ਹੈ। ਬਰਸਰੀ ਤੋਂ ਵਿੱਤੀ ਸਹਾਇਤਾ ਸਫਲ ਵਿਦਿਆਰਥੀ ਵੱਲੋਂ ਪੋਸਟ-ਸੈਕੰਡਰੀ ਟਿਊਸ਼ਨ ਫੀਸ ਲਈ ਵਰਤੀ ਜਾ ਸਕਦੀ ਹੈ।

ਬਿਨੈਕਾਰ ਲਈ ਲਾਜ਼ਮੀ ਹੈ ਕਿ ਉਹ ਬ੍ਰੈਂਪਟਨ ਵਿੱਚ ਰਹਿਣ ਵਾਲਾ ਕੈਨੇਡਿਅਨ ਨਾਗਰਿਕ ਹੋਵੇ (ਜਾਂ ਕੈਨੇਡਾ ਵਿੱਚ ਕੰਮ ਕਰਨ ਦੇ ਯੋਗ ਹੋਵੇ) ਅਤੇ ਫਾਇਰ-ਸਬੰਧਿਤ ਪ੍ਰੋਗਰਾਮ ਵਿੱਚ ਓਨਟੈਰੀਓ ਦਾ ਪੋਸਟ-ਸੈਕੰਡਰੀ ਡਿਪਲੋਮਾ ਕਰ ਰਿਹਾ ਹੋਵੇ। ਅਰਜ਼ੀ ਫਾਰਮ ਔਨਲਾਈਨ www.bramptonfire.com 'ਤੇ ਉਪਲਬਧ ਹਨ ਅਤੇ ਇਹ firelife@brampton.ca 'ਤੇ ਜਮ੍ਹਾਂ ਕੀਤੇ ਜਾਣੇ ਚਾਹੀਦੇ ਹਨ।

ਜਮ੍ਹਾਂ ਕਰਨ ਦੀ ਮਿਆਦ 30 ਅਪ੍ਰੈਲ, 2018 ਨੂੰ ਜਾਂ 30 ਅਰਜ਼ੀਆਂ ਪ੍ਰਾਪਤ ਹੋਣ 'ਤੇ ਖ਼ਤਮ ਹੋ ਜਾਵੇਗੀ, ਇਹਨਾਂ ਵਿੱਚੋਂ ਜੋ ਵੀ ਪਹਿਲਾਂ ਆਵੇਗਾ। ਚੁਣੇ ਗਏ ਉਮੀਦਵਾਰਾਂ ਦਾ ਇੰਟਰਵਿਊ ਲਿਆ ਜਾਵੇਗਾ ਅਤੇ ਇੱਕ ਬਿਨੈਕਾਰ ਨੂੰ $1,000 ਦੀ ਬਰਸਰੀ ਲਈ ਚੁਣਿਆ ਜਾਵੇਗਾ, ਜਿਸਦਾ ਭੁਗਤਾਨ ਸਿੱਧਾ ਕੋਰਸ ਵਿੱਚ ਦਾਖਲੇ ਲਈ ਕੀਤਾ ਜਾਵੇਗਾ।

ਇਹ ਦਾਨ (ਐਨਡੋਅਮੈਂਟ) ਫੰਡ ਜਨਤਕ ਦਾਨਾਂ ਤੋਂ ਪ੍ਰਾਪਤ ਹੋਏ $31,000 ਤੋਂ ਵੱਧ ਦੇ ਮੂਲ ਪੈਸੇ ਨਾਲ ਤਿਆਰ ਕੀਤਾ ਗਿਆ ਸੀ। ਹਰੇਕ ਸਾਲ ਵੰਡੀ ਜਾਣ ਵਾਲੀ ਸਕਾਲਰਸ਼ਿਪ ਵੱਖ-ਵੱਖ ਹੁੰਦੀ ਹੈ।

ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ਼ ਨੇ ਫਾਇਰ ਸੇਵਾਵਾਂ ਵਿੱਚ ਕੈਰੀਅਰ ਬਣਾ ਰਹੇ ਵਿਦਿਆਰਥੀਆਂ ਨੂੰ ਵਿੱਤੀ ਸਹਾਇਤਾ ਮੁਹੱਈਆ ਕਰਨ ਲਈ 2014 ਵਿੱਚ ਜੋਰਜ ਹਿਚਕੋਕ ਮੈਮੋਰੀਅਲ ਐਨਡੋਅਮੈਂਟ ਫੰਡ (George Hitchcock Memorial Endowment Fund) ਸਥਾਪਿਤ ਕੀਤਾ। ਇਹ ਫੰਡ ਸੁਰਗਵਾਸੀ ਜੋਰਜ ਹਿਚਕੋਕ ਦੇ ਸਨਮਾਨ ਵਿੱਚ ਹੈ, ਜਿਹਨਾਂ ਨੇ 33 ਸਾਲ ਤਕ ਬ੍ਰੈਂਪਟਨ ਫਾਇਰ ਸਰਵਿਸ ਵਿੱਚ ਸੇਵਾ ਕੀਤੀ ਸੀ ਅਤੇ ਫਾਇਰ/ਲਾਈਫ ਸੇਫਟੀ ਐਜੁਕੇਸ਼ਨ ਡਿਵੀਜ਼ਨ (Fire/Life Safety Education Division) ਸਥਾਪਿਤ ਕਰਨ ਵਿੱਚ ਮੁੱਖ ਭੂਮਿਕਾ ਨਿਭਾਈ ਸੀ।

ਹੋਰ ਜਾਣਕਾਰੀ ਲਈ, www.bramptonfire.com 'ਤੇ ਜਾਓ ਜਾਂ firelife@brampton.ca 'ਤੇ ਈਮੇਲ ਕਰੋ।

**ਹਵਾਲਾ:**

“ਇਹ ਬਰਸਰੀ ਫਾਇਰ ਸੇਵਾ ਲਈ ਅਤੇ ਫਾਇਰ ਅਤੇ ਲਾਈਫ ਸੇਫਟੀ (ਜੀਵਨ ਸੁਰੱਖਿਆ) ਸਬੰਧੀ ਸਿੱਖਿਆ ਨੂੰ ਬਿਹਤਰ ਬਣਾਉਣ ਲਈ ਜੋਰਜ ਦੇ ਜੋਸ਼ ਦਾ ਵਿਰਸਾ ਹੈ। ਅਸੀਂ ਉਸ ਵਿਰਸੇ ਨੂੰ ਜਾਰੀ ਰੱਖਣਾ ਚਾਹੁੰਦੇ ਹਾਂ ਅਤੇ ਇਸ ਭਾਈਚਾਰੇ ਨੂੰ ਸੇਵਾ ਦੇਣ ਲਈ ਫਾਇਰਫਾਈਟਰਾਂ ਦੀ ਅਗਲੀ ਪੀੜ੍ਹੀ ਦੀ ਸਹਾਇਤਾ ਕਰਨਾ ਅਤੇ ਐਮਰਜੈਂਸੀ ਸੇਵਾਵਾਂ ਵਿੱਚ ਉੱਤਮਤਾ ਦੀ ਪ੍ਰੇਰਨਾ ਦੇਣਾ ਚਾਹੁੰਦੇ ਹਾਂ।”

- ਫਾਇਰ ਚੀਫ ਬਿਲ ਬੋਇਸ (Bill Boyes)

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca